# ਸਰੀਰ ਅਤੇ ਖੂਬਸੂਰਤੀ ਸਬੰਧੀ ਕਲਾ

## ਬਾਰਬਿਸਾਈਡ (Barbicide)®

### ਸਿਹਤ ਨੂੰ ਕੀ ਖਤਰਾ ਹੁੰਦਾ ਹੈ?

ਤੁਸੀਂ ਅਤੇ ਤੁਹਾਡੇ ਕਲਾਇੰਟ ਐਚ.ਆਈ.ਵੀ. (HIV), ਹੈਪਟਾਈਟਸ B, ਹੈਪਟਾਈਟਸ C ਜਾਂ ਦੂਜੇ ਸੂਖਮਜੀਵਾਂ ਜਿਵੇਂ ਕਿ ਬੈਕਟੀਰੀਆ ਜਾਂ ਉੱਲੀ ਦੇ ਪ੍ਰਭਾਵ ਹੇਠ ਆਉਣ ਦੇ ਖਤਰੇ ਵਿੱਚ ਹੁੰਦੇ ਹਨ।

**ਕੋਈ ਇਨਫ਼ੈਕਸ਼ਨ ਹੋਣ ਲਈ ਤੁਹਾਡੇ ਲਈ ਉਪਕਰਣ ਜਾਂ ਸਤਿਹਾਂ ਉੱਪਰ ਖੂਨ ਜਾਂ ਸਰੀਰ ਦੇ ਤਰਲਾਂ ਨੂੰ ਦੇਖਣਾ ਜ਼ਰੂਰੀ ਨਹੀਂ ਹੈ।**

### ਬਾਰਬਿਸਾਈਡ ਕੀ ਹੁੰਦਾ ਹੈ?

- ਬਾਰਬਿਸਾਈਡ ਇੱਕ ਸਾਦੇ ਪੱਧਰ ਦਾ ਰੋਗਾਣੂਨਾਸ਼ਕ ਹੈ ਜਿਸਦੀ ਵਰਤੋਂ ਗੈਰ ਸੰਵੇਦਨਸ਼ੀਲ ਚੀਜ਼ਾਂ ਨੂੰ ਰੋਗਾਣੂਰਹਿਤ ਕਰਨ ਲਈ ਕੀਤੀ ਜਾ **ਸਕਦੀ** ਹੈ ਜਿਵੇਂ ਕਿ
  - ਕੰਘੀਆਂ;
  - ਬੁਰਸ਼;
  - ਵਾਲਾਂ ਦੇ ਰੋਲਰ;
  - ਵਾਲਾਂ 'ਤੇ ਉਸਤਰਾ ਫੇਰਨ/ਫੈਦਰਿੰਗ ਕਰਨ ਲਈ ਉਪਕਰਣ।
- ਗੈਰ ਸੰਵੇਦਨਸ਼ੀਲ ਉਪਕਰਣਾਂ ਨੂੰ ਰੋਗਾਣੂਰਹਿਤ ਕਰਨ ਲਈ ਸਾਦੇ ਪੱਧਰ ਦੇ ਰੋਗਾਣੂਨਾਸ਼ਕਾਂ ਦੀਆਂ ਹੋਰ ਕਿਸਮਾਂ/ਬ੍ਰਾਂਡਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।
- ਗੈਰ ਸੰਵੇਦਨਸ਼ੀਲ ਚੀਜ਼ਾਂ ਉਹ ਚੀਜ਼ਾਂ ਹੁੰਦੀਆਂ ਹਨ ਜੋ ਸਿਰਫ਼ ਵਾਲਾਂ ਜਾਂ ਅਣਛੂਹੀ ਚਮੜੀ ਨਾਲ ਸੰਪਰਕ ਕਰਦੀਆਂ ਹਨ (ਜਿਵੇਂ ਕਿ ਸਿਰ ਦੀ ਚਮੜੀ/ਸਿਰ 'ਤੇ ਕੋਈ ਚੀਰੇ, ਧੱਫੜ ਆਦਿ ਨਹੀਂ ਦੇਖੇ ਗਏ)।
- ਜੇ ਕਿਸੇ ਗੈਰ ਸੰਵੇਦਨਸ਼ੀਲ ਚੀਜ਼ ਨਾਲ ਚਮੜੀ 'ਤੇ ਟੱਕ ਲੱਗ ਜਾਂਦਾ ਹੈ ਤਾਂ ਲਾਜ਼ਮੀ ਹੈ ਕਿ ਇਸਨੂੰ ਸਾਫ਼ ਕੀਤਾ ਜਾਵੇ* ਅਤੇ ਫੇਰ ਕਿਸੇ ਦਰਮਿਆਨੇ ਤੋਂ ਉੱਚ ਪੱਧਰ ਦੇ ਰੋਗਾਣੂਨਾਸ਼ਕ ਨਾਲ ਰੋਗਾਣੂਮੁਕਤ ਕੀਤਾ ਜਾਵੇ।

***ਸਾਫ਼-ਸਫ਼ਾਈ ਅਤੇ ਰੋਗਾਣੂਰਹਿਤ ਕਰਨ ਦੇ ਵੇਰਵੇਸਹਿਤ ਕਦਮਾਂ ਲਈ ਆਮ ਅਤੇ ਕਾਰਜਾਤਮਕ ਲੋੜਾਂ (General and Operational Requirements) ਬਾਰੇ ਤੱਥਸ਼ੀਟ ਦੇਖੋ।**

### ਬਾਰਬਿਸਾਈਡ ਦੀ ਵਰਤੋਂ ਕਿਵੇਂ ਕੀਤੀ ਜਾਣੀ ਚਾਹੀਦੀ ਹੈ?

- ਹਮੇਸ਼ਾ ਉਪਕਰਣਾਂ, ਜਿਵੇਂ ਕਿ ਕੰਘੀਆਂ ਅਤੇ ਬੁਰਸ਼ਾਂ ਨੂੰ, ਸਾਬਣ ਅਤੇ ਬੁਰਸ਼ ਨਾਲ ਵਗਦੇ ਪਾਣੀ ਹੇਠ ਸਾਫ਼ ਕਰੋ। ਸਾਫ਼ ਕੀਤੇ ਹੋਏ ਉਪਕਰਣਾਂ ਨੂੰ ਬਾਰਬਿਸਾਈਡ ਵਿੱਚ ਭਿਓਣ ਤੋਂ **ਪਹਿਲਾਂ** ਸੁਕਾ ਲਓ।
- ਲਾਜ਼ਮੀ ਹੈ ਕਿ ਬਾਰਬਿਸਾਈਡ ਘੋਲ ਰੋਜ਼ ਤਾਜ਼ਾ ਤਿਆਰ ਕੀਤਾ ਜਾਵੇ (ਜਾਂ ਨਿਰਮਾਤਾ ਦੀ ਲੋੜ ਮੁਤਾਬਕ)।
- ਰੋਗਾਣੂਨਾਸ਼ਕਾਂ ਨੂੰ ਜਿੰਨਾ ਜ਼ਿਆਦਾ ਵਰਤਿਆ ਜਾਂਦਾ ਹੈ ਅਤੇ ਜਿੰਨੀ ਜ਼ਿਆਦਾ ਦੇਰ ਤਕ ਰੱਖਿਆ ਜਾਂਦਾ ਹੈ, ਉਹਨਾਂ ਦੀ ਸ਼ਕਤੀ ਓਨੀ ਹੀ ਘੱਟ ਜਾਂਦੀ ਹੈ।
- ਯਕੀਨੀ ਬਣਾਓ ਕਿ ਸਾਰੀਆਂ ਚੀਜ਼ਾਂ ਪੂਰੀ ਤਰ੍ਹਾਂ ਨਾਲ ਬਾਰਬਿਸਾਈਡ ਘੋਲ ਵਿੱਚ ਡੁੱਬੀਆਂ ਹੋਣ। ਇਸ ਵਿੱਚ ਸਾਰੀਆਂ ਕੰਘੀਆਂ ਅਤੇ ਬੁਰਸ਼ਾਂ ਦੇ ਮੁੱਠੇ ਵੀ ਸ਼ਾਮਲ ਹੁੰਦੇ ਹਨ।
- ਜਿਹਨਾਂ ਚੀਜ਼ਾਂ ਨੂੰ ਰੋਗਾਣੂਮੁਕਤ ਕੀਤਾ ਜਾ ਰਿਹਾ ਹੈ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਲੋੜੀਂਦੇ ਸੰਪਰਕ ਸਮੇਂ ਲਈ ਘੋਲ ਵਿੱਚ ਰਹਿਣਾ ਚਾਹੀਦਾ ਹੈ (ਸੰਪਰਕ ਵਿੱਚ ਰਹਿਣ ਦੇ ਸਮੇਂ ਲਈ ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ)।
- ਬਾਰਬਿਸਾਈਡ ਵਿੱਚ ਭਿਓਣ ਤੋਂ ਬਾਅਦ, ਚੀਜ਼ ਨੂੰ ਵਗਦੇ ਪਾਣੀ ਵਿੱਚ ਹੰਗਾਲੋ।
- ਸਾਫ਼, ਰੋਗਾਣੂਮੁਕਤ ਕੀਤੀਆਂ ਅਤੇ ਸੁਕਾਈਆਂ ਹੋਈਆਂ ਚੀਜ਼ਾਂ ਨੂੰ ਕਿਸੇ ਸਾਫ਼-ਸੁਥਰੇ ਦਰਾਜ ਜਾਂ ਢੱਕਣ ਵਾਲੇ ਡੱਬੇ ਵਿੱਚ ਸਾਂਭੋ। ਸਾਫ਼ ਅਤੇ ਗੰਦੀਆਂ ਚੀਜ਼ਾਂ ਨੂੰ ਕਦੇ ਵੀ ਇਕੱਠਿਆਂ ਨਾ ਸਾਂਭੋ।

ਸਿਟੀ ਆਫ਼ ਓਟਾਵਾ ਪਬਲਿਕ ਹੈਲਥ ਡਿਪਾਰਟਮੈਂਟ ਤੋਂ ਅਪਣਾਇਆ ਗਿਆ ਅਤੇ ਉਹਨਾਂ ਦੀ ਆਗਿਆ ਨਾਲ ਵਰਤਿਆ ਗਿਆ

ਅਕਤੂਬਰ 2010